ਪੰਜਾਬ ਸਰਕਾਰ
ਲੋਕ ਨਿਰਮਾਣ ਵਿਭਾਗ
(ਇਮਾਰਤਾਂ ਤੇ ਸੜਕਾਂ-1 ਸ਼ਾਖਾ)

**ਦਫਤਰੀ ਹੁਕਮ**

ਵਿਭਾਗੀ ਤਰੱਕੀ ਕਮੇਟੀ ਦੀ ਮਿਤੀ 30.4.2019 ਨੂੰ ਹੋਈ ਮੀਟਿੰਗ ਵਿੱਚ ਕੀਤੀਆਂ ਸਿਫਾਰਸ਼ਾਂ ਦੇ ਸਨਮੁੱਖ ਲੋਕ ਨਿਰਮਾਣ ਵਿਭਾਗ, ਪੰਜਾਬ (ਭ ਤੇ ਮ) ਵਿੱਚ ਕੰਮ ਕਰਦੇ ਉਪ ਮੰਡਲ ਇੰਜੀਨੀਅਰ (ਸਿਵਲ) ਨੂੰ ਸੀਨੀਆਰਤਾ-ਕਮ-ਮੈਰਿਟ ਦੇਂ ਆਧਾਰ ਤੇ ਬਤੌਰ ਕਾਰਜਕਾਰੀ ਇੰਜੀਨੀਅਰ (ਸਿਵਲ) ਤਨਖਾਹ ਸਕੇਲ ਰੁਪਏ: 15600-39100+6600/-ਗਰੇਡ-ਪੇ ਵਿੱਚ ਹੇਠ ਅਨੁਸਾਰ ਪਦਉਨਤ ਕੀਤਾ ਜਾਂਦਾ ਹੈ:-

| ਲੜੀ ਨੰ: | ਨਾਮ ਸਰਵ ਸ੍ਰੀ | ਸੀਨੀਆਰਤਾ ਨੰ: | ਵਿਸ਼ੇਸ ਕਥਨ |
|---|---|---|---|
| 1 | ਧਰਮਿੰਦਰ ਬੱਸੀ (ਜਨਰਲ) | 01 | ਇਸ ਅਧਿਕਾਰੀ ਦੀ ਪਦਉਨਤੀ ਜਨਰਲ ਕੈਟਾਗਰੀ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 2 | ਤਰਸੇਮ ਰਾਜ (ਅ.ਜ.) | 20 | ਇਸ ਅਧਿਕਾਰੀ ਦੀ ਪਦਉਨਤੀ ਅ.ਜ. ਦੇ ਖਾਲੀ ਪਏ ਬੈਕਲਾਗ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 3 | ਨੇਕ ਚੰਦ (ਅ.ਜ.) | 24 | ਇਸ ਅਧਿਕਾਰੀ ਦੀ ਪਦਉਨਤੀ ਅ.ਜ. ਦੇ ਖਾਲੀ ਪਏ ਬੈਕਲਾਗ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 4 | ਦਵਿੰਦਰ ਕੁਮਾਰ (ਅ.ਜ.) | 25 | ਇਸ ਅਧਿਕਾਰੀ ਦੀ ਪਦਉਨਤੀ ਅ.ਜ. ਦੇ ਖਾਲੀ ਪਏ ਬੈਕਲਾਗ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 5 | ਜਸਪਾਲ ਸਿੰਘ (ਅ.ਜ.) | 27 | ਇਸ ਅਧਿਕਾਰੀ ਦੀ ਪਦਉਨਤੀ ਅ.ਜ. ਦੇ ਖਾਲੀ ਪਏ ਬੈਕਲਾਗ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 6 | ਬਲਵੰਤ ਸਿੰਘ (ਅ.ਜ.) | 36 | ਇਸ ਅਧਿਕਾਰੀ ਦੀ ਪਦਉਨਤੀ ਅ.ਜ. ਦੇ ਖਾਲੀ ਪਏ ਬੈਕਲਾਗ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। |
| 7 | ਐਨ.ਕੇ.ਅਗਰਵਾਲ (ਜਨਰਲ) | 02 | ਇਸ ਅਧਿਕਾਰੀ ਦੀ ਪਦਉਨਤੀ ਜਨਰਲ ਕੈਟਾਗਰੀ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। (ਡੈਪੂਟੇਸ਼ਨ ਤੇ ਜਾਣ ਲਈ) |
| 8 | ਐਸ.ਕੇ. ਪਹੂਜਾ (ਜਨਰਲ) | 03 | ਇਸ ਅਧਿਕਾਰੀ ਦੀ ਪਦਉਨਤੀ ਜਨਰਲ ਕੈਟਾਗਰੀ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। (ਡੈਪੂਟੇਸ਼ਨ ਤੇ ਜਾਣ ਲਈ) |
| 9 | ਸੋਹਨ ਲਾਲ ਗਰਗ (ਜਨਰਲ) | 04 | ਇਸ ਅਧਿਕਾਰੀ ਦੀ ਪਦਉਨਤੀ ਜਨਰਲ ਕੈਟਾਗਰੀ ਦੇ ਨੁਕਤੇ ਵਿਰੁੱਧ ਕੀਤੀ ਜਾਂਦੀ ਹੈ। (ਡੈਪੂਟੇਸ਼ਨ ਤੇ ਜਾਣ ਲਈ) |

2. ਇਹ ਪਦ-ਉੱਨਤੀਆਂ ਹੇਠ ਦਰਸਾਈਆਂ ਸ਼ਰਤਾਂ ਤੇ ਅਧਾਰਿਤ ਹੋਣਗੀਆਂ:-

(ੳ) ਇਹ ਪਦ-ਉੱਨਤੀਆਂ ਇੱਕ ਸਾਲ ਦੇ ਸਮੇਂ ਲਈ ਪਰਖਕਾਲ ਤੇ ਹੋਵੇਗੀ।

(ਅ) ਇਹ ਪਦ-ਉਨਤੀਆਂ ਮਾਨਯੋਗ ਸੁਪਰੀਮ ਕੋਰਟ ਵਿਚ 85ਵੀਂ ਸੰਵਿਧਾਨਿਕ ਸੋਧ ਦੇ ਸਬੰਧ ਵਿਚ ਲੰਬਿਤ ਰਿੱਟ ਪਟੀਸ਼ਨਾਂ ਦੇ ਅੰਤਿਮ ਫੈਸਲੇ ਦੀ ਸ਼ਰਤ ਤੇ ਮੁੜ ਵਿਚਾਰਨਯੋਗ ਹੋਵੇਗੀ।

ਚਲਦਾ ਪੰਨਾ-2

Scanned by CamScanner

(ੲ) ਇਹ ਪਦ-ਉਨਤੀਆਂ ਵੱਖ-ਵੱਖ ਅਦਾਲਤਾਂ ਵਿੱਚ ਚਲ ਰਹੇ ਕੋਰਟ ਕੇਸਾਂ ਵਿੱਚ ਹੋਣ ਵਾਲੇ ਫੈਸਲਿਆ ਜਾਂ ਕਿਸੇ ਮਾਮਲੇ ਵਿਚ ਕੋਰਟ ਵਲੋਂ ਦਿੱਤਾ ਗਿਆ ਫੈਸਲਾ ਸਰਕਾਰ ਦੇ ਧਿਆਨ ਵਿਚ ਆਉਂਦਾ ਹੈ ਤਾਂ ਇਹ ਹੁਕਮ ਮੁੜ ਵਿਚਾਰਨਯੋਗ ਹੋਣਗੇ।

(ਸ) ਜੇਕਰ ਇਸ ਕਾਡਰ ਦਾ ਪ੍ਰਤੀਨਿਯੁਕਤੀ ਤੇ ਗਿਆ ਕੋਈ ਵੀ ਅਧਿਕਾਰੀ ਵਾਪਸ ਪਿੱਤਰੀ ਵਿਭਾਗ ਵਿਚ ਹਾਜਰ ਹੋ ਜਾਂਦਾ ਹੈ ਤਾਂ ਉਸ ਸਮੇਂ ਕਾਰਜਕਾਰੀ ਇੰਜੀਨੀਅਰ ਦੀ ਅਸਾਮੀ ਖਾਲੀ ਨਾ ਹੋਣ ਦੀ ਸੂਰਤ ਵਿਚ ਜੂਨੀਅਰ ਮੋਸਟ ਕਾਰਜਕਾਰੀ ਇੰਜੀਨੀਅਰ ਨੂੰ ਬਿਨਾਂ ਕਿਸੇ ਨੋਟਿਸ ਦਿੱਤੇ ਪਹਿਲਾਂ ਵਾਲੀ ਅਸਾਮੀ ਤੇ ਰਿਵਰਟ ਕਰ ਦਿੱਤਾ ਜਾਵੇਗਾ।

(ਹ) ਇਹ ਪਦਉਨਤੀਆਂ, ਵਿਭਾਗ ਵਲੋਂ ਪੱਤਰ ਮਿਤੀ 30.4.2019 ਰਾਹੀਂ ਚੋਣ ਕਮਿਸ਼ਨ ਨੂੰ ਪ੍ਰਵਾਨਗੀ ਲਈ ਭੇਜੀ ਗਈ ਤਜਵੀਜ਼ ਦੇ ਸਨਮੁੱਖ ਭਾਰਤੀ ਚੋਣ ਕਮਿਸ਼ਨ ਵਲੋਂ ਆਪਣੇ ਪੱਤਰ ਨੰ:437/PB-HP/2019/NS-I dated 1.5.2019 ਰਾਹੀਂ ਦਿੱਤੀ ਗਈ ਪ੍ਰਵਾਨਗੀ, ਜਿਹੜੀ ਕਿ ਮੁੱਖ ਚੋਣ ਅਫਸਰ ਪੰਜਾਬ ਜੀ ਵਲੋਂ ਇਸ ਵਿਭਾਗ ਨੂੰ ਆਪਣੇ ਪੱਤਰ ਨੰ: Elec-2019/R(Clarification)-2526, dated 1.5.2019 ਰਾਹੀਂ ਭੇਜੀ ਗਈ ਹੈ ਦੇ ਅਧਾਰ ਤੇ ਮਿਤੀ 30.4.2019 ਤੋਂ ਨੋਸ਼ਨਲ ਅਤੇ ਤਤਕਾਲ ਸਮੇਂ ਤੋਂ ਰੈਗੂਲਰ ਮੰਨੀਆਂ ਜਾਣਗੀਆਂ।

3. ਉਪਰੋਕਤਾਂ ਹੁਕਮ ਤੁਰੰਤ ਲਾਗੂ ਹੋਣਗੇ ਅਤੇ ਅਧਿਕਾਰੀ ਆਪਣੀ ਹਾਜਰੀ ਰਿਪੋਰਟ ਸਰਕਾਰ ਨੂੰ ਪੇਸ਼ ਕਰਨਗੇ।

4 ਇਹ ਹੁਕਮ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤੇ ਜਾਂਦੇ ਹਨ।

**ਹੁਸਨ ਲਾਲ, ਆਈ.ਏ.ਐਸ,**
**ਸਕੱਤਰ, ਪੰਜਾਬ ਸਰਕਾਰ,**
ਲੋਕ ਨਿਰਮਾਣ ਵਿਭਾਗ (ਭ ਤੇ ਮ)

**ਮਿਤੀ,ਚੰਡੀਗੜ੍ਹ:**
**2.05.2019**

ਪਿ.ਅੰ.ਨੰ:02/5/2019-ਏਸ1(2)/219/1-5 ਮਿਤੀ, ਚੰਡੀਗੜ੍ਹ: 2 ਮਈ, 2019

ਉਪਰੋਕਤ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਅਗਲੇਰੀ ਲੋੜੀਂਦੀ ਕਾਰਵਾਈ ਕਰਨ ਹਿੱਤ ਭੇਜਿਆ ਜਾਂਦਾ ਹੈ:-

1. ਮੁੱਖ ਚੋਣ ਅਫਸਰ, ਪੰਜਾਬ, ਚੰਡੀਗੜ੍ਹ ਨੂੰ ਉਹਨਾਂ ਦੇ ਪੱਤਰ ਨੰ; Elec-2019/R(Clarification)-2526, ਮਿਤੀ 01.05.2019 ਦੇ ਹਵਾਲੇ ਵਿਚ ਸੂਚਨਾ ਹਿਤ ਭੇਜਿਆ ਜਾਂਦਾ ਹੈ।
2. ਸਮੂਹ ਮੁੱਖ ਇੰਜੀਨੀਅਰ, ਪੰਜਾਬ, ਲੋਕ ਨਿਰਮਾਣ ਵਿਭਾਗ (ਭ ਤੇ ਮ), ਪਟਿਆਲਾ/ਮੋਹਾਲੀ/ ਚੰਡੀਗੜ੍ਹ।
3. ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।
4. ਮਹਾਂਲੇਖਾਕਾਰ(ਆਡਿਟ), ਪੰਜਾਬ, ਚੰਡੀਗੜ੍ਹ।
5. ਡਿਪਟੀ ਡਾਇਰੈਕਟਰ, ਪੀ.ਆਰ.ਬੀ.ਡੀ.ਬੀ, ਪੰਜਾਬ ਲੋਕ ਨਿਰਮਾਣ ਵਿਭਾਗ (ਭ ਤੇ ਮ) ਮੋਹਾਲੀ ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰਨ ਹਿੱਤ।
6. ਸਬੰਧਤ ਅਧਿਕਾਰੀ।

ਉਪ ਸਕੱਤਰ, ਲੋਕ ਨਿਰਮਾਣ

Scanned by CamScanner